CS (MAIN) Exam : 2017

STH-P-PNJB

# ਪੰਜਾਬੀ / PUNJABI

## ਪੇਪਰ I / Paper I

## ( ਸਾਹਿਤ ) / ( LITERATURE )

| | |
|---|---|
| *ਨਿਰਧਾਰਿਤ ਸਮਾਂ : **ਤਿੰਨ ਘੰਟੇ*** | *ਕੁੱਲ ਅੰਕ* **: 250** |
| *Time Allowed : **Three** Hours* | *Maximum Marks* **: 250** |

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ। ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿਚ ਹੀ ਦਿਓ ।*

*ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

punjabiforias.com
by Satinder Sir

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** from each section.*

*The number of marks carried by a question / part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਦਿਉ ।** *10×5=50*

(a) ਪੰਜਾਬੀ ਵਾਕ-ਵਿਉਂਤ ਦੀ ਵਿਆਖਿਆ ਕਰਦੇ ਹੋਏ ਪੰਜਾਬੀ ਵਾਕਾਂ ਵਿਚ ਵਾਕ-ਤੱਤਾਂ ਦੇ ਕ੍ਰਮ ਦੇ ਸਿਧਾਂਤ ਦਾ ਵਰਣਨ ਕਰੋ । *10*

(b) ਪੰਜਾਬੀ ਜਨਮਸਾਖੀਆਂ ਦੀਆਂ ਭਾਸ਼ਾਗਤ ਅਤੇ ਸਾਹਿਤਿਕ ਖ਼ੂਬੀਆਂ ਦਾ ਵਿਸ਼ਲੇਸ਼ਣ ਕਰੋ । *10*

(c) ਪੰਜਾਬੀ ਭਾਸ਼ਾ ਦੀ ਜਨਮਦਾਤੀ ਕਿਹੜੀ ਭਾਸ਼ਾ ਹੈ ? ਇਸਦੇ ਪ੍ਰਮੁੱਖ ਵਿਕਾਸ ਪੜਾਵਾਂ ਬਾਰੇ ਜਾਣਕਾਰੀ ਦਿਉ । *10*

(d) ਪੰਜਾਬੀ ਕਿੱਸਾ-ਕਾਵਿ ਦੀ ਵਿਸ਼ਾਗਤ ਸ਼੍ਰੇਣੀਵੰਡ ਕਰੋ ਅਤੇ ਹਰੇਕ ਸ਼੍ਰੇਣੀ ਦੇ ਕਿੱਸਿਆਂ ਦੇ ਪ੍ਰਮੁੱਖ ਲੱਛਣ ਬਿਆਨ ਕਰੋ । *10*

(e) ਗੁਰਮੁਖੀ ਲਿੱਪੀ ਦੇ ਜਨਮ ਸੰਬੰਧੀ ਚਰਚਾ ਕਰਦਿਆਂ, ਪੰਜਾਬੀ ਭਾਸ਼ਾ ਲਈ ਇਸਦੀ ਉਚਿਤਤਾ ਬਾਰੇ ਤਰਕ ਪੇਸ਼ ਕਰੋ । *10*

**Q2. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਦਿਉ ।** $12\frac{1}{2}\times 4=50$

(a) ਪੰਜਾਬੀ ਰੂਪ-ਵਿਗਿਆਨ (Morphology) ਨੂੰ ਪਰਿਭਾਸ਼ਤ ਕਰਦੇ ਹੋਏ ਇਸ ਦੇ ਪ੍ਰਕਾਰ ਅਤੇ ਅਧਿਐਨ-ਖੇਤਰ ਉੱਤੇ ਨੋਟ ਲਿਖੋ । $12\frac{1}{2}$

(b) ਵਰਤਮਾਨ ਯੁਗ ਵਿਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚਣੌਤੀਆਂ ਦਾ ਵਿਵੇਚਨ ਕਰੋ । $12\frac{1}{2}$

(c) ਪੰਜਾਬੀ ਸੂਫ਼ੀ-ਕਾਵਿ ਦੇ ਵਿਕਾਸ ਪੜਾਵਾਂ ਦਾ ਵਿਸ਼ਲੇਸ਼ਣ ਕਰੋ । $12\frac{1}{2}$

(d) ਪੁਆਧੀ ਅਤੇ ਮਾਝੀ ਉਪ-ਭਾਸ਼ਾਵਾਂ ਕਿਹੜੇ ਖੇਤਰਾਂ ਵਿੱਚ ਬੋਲੀਆਂ ਜਾਂਦੀਆਂ ਹਨ । ਇਨ੍ਹਾਂ ਦੇ ਨਿਖੜਵੇਂ ਭਾਸ਼ਾਈ ਲੱਛਣਾਂ ਦੀ ਪਛਾਣ ਕਰਵਾਉ । $12\frac{1}{2}$

punjabiforias.com by Satinder Sir

**Q3.** ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਦਿਉ । $12\frac{1}{2}\times4=50$

(a) ਪੰਜਾਬੀ ਧੁਨੀ-ਵਿਗਿਆਨ ਨੂੰ ਪਰਿਭਾਸ਼ਤ ਕਰਦੇ ਹੋਏ ਇਸ ਦੇ ਅਧਿਐਨ ਖੇਤਰ ਦਾ ਉਲੇਖ ਕਰੋ । $12\frac{1}{2}$

(b) ਨਾਂਵ ਅਤੇ ਨਾਂਵ-ਵਾਕੰਸ਼ ਦਾ ਅੰਤਰ ਸਪਸ਼ਟ ਕਰਦੇ ਹੋਏ ਨਾਂਵ-ਵਾਕੰਸ਼ ਦੇ ਤੱਤਾਂ ਅਤੇ ਤਰਤੀਬ ਦਾ ਵਿਵਰਣ ਦਿਓ । $12\frac{1}{2}$

(c) ਨਾਥ ਜੋਗੀਆਂ ਦੇ ਸਾਹਿਤ ਦੀ ਸਾਹਿਤਕ ਵਿਸ਼ੇਸ਼ਤਾ ਬਾਰੇ ਚਰਚਾ ਕਰਦਿਆਂ, ਇਸਦੀ ਪੰਜਾਬੀ ਸਾਹਿਤ ਵਿੱਚ ਦੇਣ ਨੂੰ ਪਰਖੋ । $12\frac{1}{2}$

(d) ਪੰਜਾਬੀ ਸੁਰ-ਪ੍ਰਬੰਧ ਦੀਆਂ ਵਿਲੱਖਣਤਾਵਾਂ ਬਾਰੇ ਚਰਚਾ ਕਰੋ । $12\frac{1}{2}$

**Q4.** ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਦਿਉ । $12\frac{1}{2}\times4=50$

(a) ਪੰਜਾਬੀ ਭਾਸ਼ਾ ਵਿਚ ਤੱਤਸਮ ਅਤੇ ਤੱਦਭਵ ਸ਼ਬਦ-ਰੂਪ ਅਪਨਾਉਣ ਨਾਲ ਪੰਜਾਬੀ ਸ਼ਬਦ-ਨਿਰਮਾਣ ਪ੍ਰਕਿਰਿਆ ਦੀ ਚਰਚਾ ਕਰੋ । $12\frac{1}{2}$

(b) ਪੰਜਾਬੀ ਲੋਕ ਸਾਹਿਤ ਦੇ ਪ੍ਰਮੁੱਖ ਰੂਪਾਕਾਰਾਂ ਦੀ ਪਛਾਣ ਕਰਵਾਉ । $12\frac{1}{2}$

(c) ਪੰਜਾਬੀ ਕਿਰਿਆ ਅਤੇ ਕਿਰਿਆ-ਵਾਕਾਂਸ਼ ਨੂੰ ਪਰਿਭਾਸ਼ਿਤ ਕਰਦਿਆਂ, ਪੰਜਾਬੀ ਕਿਰਿਆ-ਵਾਕਾਂਸ਼ ਬਾਰੇ ਦੱਸੋ । $12\frac{1}{2}$

(d) ਗੁਰਮਤਿ ਕਾਵਿ ਧਾਰਾ ਦੀਆਂ ਸਾਹਿਤਿਕ ਵਿਸ਼ੇਸ਼ਤਾਵਾਂ ਬਿਆਨ ਕਰੋ । $12\frac{1}{2}$

punjabiforias.com by Satinder Sir

## SECTION B

**Q5. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਦਿਉ ।** ***10×5=50***

(a) ਨਿਬੰਧ ਨੂੰ ਪਰਿਭਾਸ਼ਤ ਕਰਦੇ ਹੋਏ ਤੇਜਾ ਸਿੰਘ ਦੇ ਪੰਜਾਬੀ ਨਿਬੰਧ ਦੇ ਵਿਕਾਸ ਵਿਚ ਪਾਏ ਯੋਗਦਾਨ ਦਾ ਉਲੇਖ ਕਰੋ । *10*

(b) ਸ਼ਿਵ ਕੁਮਾਰ ਦੀ ਕਵਿਤਾ ਦੇ ਸਰੋਦੀ ਅੰਸ਼ਾਂ ਦੇ ਮਹੱਤਵ ਬਾਰੇ ਚਰਚਾ ਕਰੋ । *10*

(c) ਪੰਜਾਬੀ ਨਾਟਕ ਵਿੱਚ ਬਲਵੰਤ ਗਾਰਗੀ ਦੀ ਸਾਹਿਤਕ ਦੇਣ ਸੰਬੰਧੀ ਦੱਸੋ । *10*

(d) ਰਹੱਸਵਾਦੀ ਕਾਵਿ ਪ੍ਰਵਿਰਤੀ ਨੂੰ ਪਰਿਭਾਸ਼ਤ ਕਰਦੇ ਹੋਏ ਭਾਈ ਵੀਰ ਸਿੰਘ, ਪੂਰਨ ਸਿੰਘ ਅਤੇ ਧਨੀਰਾਮ ਚਾਤ੍ਰਿਕ ਦੀ ਇਸ ਨੂੰ ਦੇਣ ਉੱਤੇ ਚਰਚਾ ਕਰੋ । *10*

(e) ਪੰਜਾਬੀ ਲੋਕ ਕਹਾਣੀ ਦੇ ਸਰੂਪ ਅਤੇ ਮਹੱਤਵ ਦੀ ਸਮੀਖਿਆ ਕਰੋ । *10*

punjabiforias.com
by Satinder Sir

**Q6. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਦਿਉ ।** $12\frac{1}{2}\times4=50$

(a) ਪੰਜਾਬੀ ਭਾਸ਼ਾ ਅਤੇ ਸਾਹਿਤ ਉੱਤੇ ਸੰਸਕ੍ਰਿਤ, ਫ਼ਾਰਸੀ ਅਤੇ ਪੱਛਮੀ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰੋ । $12\frac{1}{2}$

(b) ਕੀ ਪ੍ਰਗਤੀਵਾਦ ਦਾ ਇੱਕੋ ਇੱਕ ਆਧਾਰ ਮਾਰਕਸਵਾਦੀ ਵਿਚਾਰਧਾਰਾ ਹੈ ? ਬਾਰੇ ਚਰਚਾ ਕਰਦਿਆਂ ਪ੍ਰਗਤੀਵਾਦੀ ਪੰਜਾਬੀ ਕਵਿਤਾ ਦੇ ਵਿਚਾਰਧਾਰਾਈ ਆਧਾਰਾਂ ਦੀ ਪਛਾਣ ਕਰਵਾਉ । $12\frac{1}{2}$

(c) ਨਵ-ਪ੍ਰਗਤੀਵਾਦ ਤੋਂ ਕੀ ਭਾਵ ਹੈ ? ਪਾਸ਼ ਅਤੇ ਜਗਤਾਰ ਦੀ ਕਵਿਤਾ ਰਾਹੀਂ ਚਰਚਾ ਕਰੋ । $12\frac{1}{2}$

(d) ਪੰਜਾਬੀ ਰੋਮਾਂਸਵਾਦੀ ਪ੍ਰਵਿਰਤੀ ਦੀ ਆਧੁਨਿਕ ਪੰਜਾਬੀ ਕਾਵਿ ਨੂੰ ਦੇਣ ਦੀ ਸਮੀਖਿਆ ਕਰੋ । $12\frac{1}{2}$

**Q7.** ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਦਿਉ । $12\frac{1}{2} \times 4 = 50$

(a) ਸੰਤ ਸਿੰਘ ਸੇਖੋਂ ਦੀ ਸਮੀਖਿਆ-ਦ੍ਰਿਸ਼ਟੀ ਉੱਤੇ ਨੋਟ ਲਿਖੋ । $12\frac{1}{2}$

(b) ਪੰਜਾਬੀ ਕਹਾਣੀ ਵਿੱਚ, ਕੁਲਵੰਤ ਸਿੰਘ ਵਿਰਕ ਦੀ ਕਹਾਣੀ-ਕਲਾ ਦੀਆਂ ਵਿਸ਼ੇਸ਼ਤਾਵਾਂ ਦੀ ਪਛਾਣ ਕਰਵਾਉ । $12\frac{1}{2}$

(c) "ਆਧੁਨਿਕ ਪੰਜਾਬੀ ਸਾਹਿੱਤ ਦੇ ਸੰਬੰਧ ਵਿਚ ਪ੍ਰਗਤੀਵਾਦੀ ਪ੍ਰਵਿਰਤੀ ਸਭ ਤੋਂ ਮੁੱਖ ਅਤੇ ਲੋਕਪ੍ਰਿਅ ਰਹੀ ਹੈ ।" ਆਧੁਨਿਕ ਪੰਜਾਬੀ ਕਾਵਿ ਦੇ ਸੰਦਰਭ ਵਿਚ ਇਸ ਦਾ ਵਿਸ਼ਲੇਸ਼ਣ ਕਰੋ । $12\frac{1}{2}$

(d) ਪੰਜਾਬੀ ਮਹਾਂਕਾਵਿ ਦੀ ਪਰੰਪਰਾ ਵਿਚ ਅਵਤਾਰ ਸਿੰਘ ਆਜ਼ਾਦ ਦੀ ਦੇਣ ਦਾ ਉਲੇਖ ਕਰੋ । $12\frac{1}{2}$

**Q8.** ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਦਿਉ । $12\frac{1}{2} \times 4 = 50$

(a) ਦਲੀਪ ਕੌਰ ਟਿਵਾਣਾ ਦੀ ਪੰਜਾਬੀ ਨਾਵਲ ਨੂੰ ਦੇਣ ਉਤੇ ਵਿਚਾਰ ਕਰੋ । $12\frac{1}{2}$

(b) ਪੰਜਾਬੀ ਪ੍ਰਗੀਤ ਪਰੰਪਰਾ ਦੇ ਵਿਕਾਸ ਵਿਚ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੇ ਯੋਗਦਾਨ ਦਾ ਵਿਵੇਚਨ ਕਰੋ । $12\frac{1}{2}$

(c) ਗੁਰਬਖ਼ਸ਼ ਸਿੰਘ ਦੀ ਵਾਰਤਕ-ਸ਼ੈਲੀ ਦੀ ਵਿਲੱਖਣਤਾ ਦਾ ਉਲੇਖ ਕਰੋ । $12\frac{1}{2}$

(d) ਡਾ. ਹਰਿਭਜਨ ਸਿੰਘ ਦੀ ਰੂਪਵਾਦੀ ਆਲੋਚਨਾ ਦ੍ਰਿਸ਼ਟੀ ਦੇ ਮੂਲ ਸੰਕਲਪਾਂ ਦੀ ਨਿਸ਼ਾਨਦੇਹੀ ਕਰੋ । $12\frac{1}{2}$

punjabiforias.com by Satinder Sir